# ਸ਼ਬਦ- ਭੇਦ

ਨਾਂਵ: ਜੋ ਸ਼ਬਦ ਕਿਸੇ ਵਿਅਕਤੀ, ਵਸਤੂ, ਸਥਾਨ ਜਾਂ ਭਾਵ ਦਾ ਬੋਧ ਕਰਵਾਉਂਦੇ ਹਨ, ਉਹਨਾਂ ਨੂੰ ਨਾਂਵ ਕਿਹਾ ਜਾਂਦਾ ਹੈ।

1. 'ਵਪਾਰੀ ਨੇ ਘੋੜਾ ਖ਼ੁਸ਼ੀ ਨਾਲ ਦਿਖਾਇਆ, ਸ਼ੇਰੇ ਨੇ ਹੈਰਾਨ ਹੋ ਕੇ ਦੇਖਿਆ ਅਤੇ ਝੱਟ ਖਰੀਦ ਲਿਆ।'
2. ਸਾਰੀ ਸ਼੍ਰੇਣੀ ਪਹਾੜ ਦੀ ਚੋਟੀ ਤੇ ਜਾ ਪੁੱਜੀ।
3. ਅਧਿਆਪਕ ਨੇ ਰਾਮ ਨੂੰ ਸ਼ਾਬਾਸ਼ ਦਿੱਤੀ।
4. ਅਸੀ ਬਜ਼ਾਰੋਂ ਦੁੱਧ ਅਤੇ ਕੇਲੇ ਲਿਆਂਦੇ।

ਉਪਰੋਕਤ ਵਾਕਾਂ ਵਿੱਚ ----, ---, ---, ----, ----, ---, ---, ---, ਨਾਂਵ ਹਨ।

ਨਾਂਵ ਦੀਆਂ ਕਿਸਮਾਂ ਜਾਂ ਭੇਦ

1. ਆਮ ਨਾਂਵ ਜਾਂ ਜਾਤੀ-ਵਾਚਕ ਨਾਂਵ।
2. ਖ਼ਾਸ-ਨਾਂਵ ਜਾਂ ਨਿੱਜ-ਵਾਚਕ ਨਾਂਵ।
3. ਵਸਤੂ-ਵਾਚਕ ਨਾਂਵ।
4. ਇਕੱਠ-ਵਾਚਕ ਜਾਂ ਸਮੂਹ ਵਾਚਕ ਨਾਂਵ।
5. ਭਾਵ-ਵਾਚਕ ਨਾਂਵ।

